# ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026

## (2026 ਦਾ ਪੰਜਾਬ ਐਕਟ ਨੰ: 7)

ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਵਿੱਚ ਹੋਰ ਸੋਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸਤੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026 ਕਿਹਾ ਜਾ ਸਕੇਗਾ।

(2) ਇਹ ਅਜਿਹੀ ਤਰੀਕ ਨੂੰ ਨਾਫ਼ਜ਼ ਹੋਵੇਗਾ ਜੋ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਉਲਿਖਤ ਕਰੇ।

2008 ਦੇ ਪੰਜਾਬ ਐਕਟ 21 ਵਿੱਚ ਸ਼ਬਦ ਬੀੜ ਜਾਂ ਬੀੜਾਂ ਦਾ ਪ੍ਰਤੀਸਥਾਪਨ।

2. ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਵਿੱਚ (ਇਸ ਪਿੱਛੋਂ ਮੁੱਖ ਐਕਟ ਵਜੋਂ ਹਵਾਲਾ ਦਿੱਤਾ ਜਾਂਦਾ ਹੈ), ਸ਼ਬਦਾਂ "ਬੀੜ" ਅਤੇ "ਬੀੜਾਂ", ਜਿੱਥੇ ਵੀ ਆਉਂਦੇ ਹਨ, ਦੀ ਥਾਂਵੇਂ, ਸ਼ਬਦ "ਸਰੂਪ" ਅਤੇ "ਸਰੂਪਾਂ", ਕ੍ਰਮਵਾਰ, ਰੱਖੇ ਜਾਣਗੇ।

2008 ਦੇ ਪੰਜਾਬ ਐਕਟ 21 ਦੀ ਪ੍ਰਸਤਾਵਨਾ ਵਿੱਚ ਸੋਧ।

3. ਮੁੱਖ ਐਕਟ ਵਿੱਚ, ਪ੍ਰਸਤਾਵਨਾ ਵਿੱਚ-

(i) ਪਹਿਲੇ ਪੈਰ੍ਹੇ ਦੀ ਥਾਂਵੇਂ, ਹੇਠ-ਲਿਖਿਆ ਪੈਰ੍ਹਾ ਰੱਖਿਆ ਜਾਵੇਗਾ, ਅਰਥਾਤ:-

"ਸਿੱਖ ਰਹਿਤ ਮਰਿਯਾਦਾ ਦੀ ਅਨੁਸਾਰਤਾ ਵਿੱਚ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰਤਾ ਅਤੇ ਸਤਿਕਾਰ ਨੂੰ ਯਕੀਨੀ ਬਣਾਉਣ ਦੀ

ਦ੍ਰਿਸ਼ਟੀ ਨਾਲ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਕਿਸੇ ਵਿਅਕਤੀ ਦੁਆਰਾ ਛਪਾਈ, ਪ੍ਰਕਾਸ਼ਨ, ਭੰਡਾਰਨ ਜਾਂ ਸਪਲਾਈ ਦੀ ਰੋਕਥਾਮ ਲਈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਇਸ ਦੁਆਰਾ ਅਧਿਕਾਰਤ ਕਿਸੇ ਬੋਡੀ ਤੋਂ ਇਲਾਵਾ, ਅਤੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ(ਾਂ) ਦੀ ਬੇਅਦਬੀ ਦੇ ਕਾਰਜਾਂ ਨੂੰ ਪਰਿਭਾਸ਼ਤ ਕਰਨ ਅਤੇ ਸਜ਼ਾਯੋਗ ਠਹਿਰਾਉਣ ਲਈ ਅਤੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ(ਾਂ) ਦੀ ਬੇਅਦਬੀ ਦੇ ਕਾਰਜਾਂ ਖਿਲਾਫ਼ ਵਰਜਕ ਵਿਵਸਥਾ ਲਈ ਉਪਬੰਧ ਕਰਨ ਲਈ ਅਤੇ ਇਸ ਨਾਲ ਸਬੰਧਤ ਜਾਂ ਅਨੁਸੰਗਕ ਮਾਮਲਿਆਂ ਲਈ ਇੱਕ ਐਕਟ;";

(ii) ਚੌਥੇ ਪੈਰ੍ਹੇ ਪਿੱਛੋਂ, ਹੇਠ-ਲਿਖਿਆ ਪੈਰ੍ਹਾ ਅੰਤਰਸਥਾਪਤ ਕੀਤਾ ਜਾਵੇਗਾ, ਅਰਥਾਤ:-

"ਜਦਕਿ ਇਹ ਮਹਿਸੂਸ ਕੀਤਾ ਗਿਆ ਹੈ ਕਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ(ਾਂ) ਦੀ ਸੋਚੀ ਸਮਝੀ ਬੇਅਦਬੀ ਦੀਆਂ ਘਟਨਾਵਾਂ ਕਈ ਗੁਣਾਂ ਵਧ ਗਈਆਂ ਹਨ;"; ਅਤੇ

(iii) ਆਖਰੀ ਪੈਰ੍ਹੇ ਵਿੱਚ ਅੰਤ ਤੇ, ਚਿੰਨ੍ਹ "." ਦੀ ਥਾਵੇਂ, ਚਿੰਨ "," ਰੱਖਿਆ ਜਾਵੇਗਾ ਅਤੇ ਇਸ ਤੋਂ ਪਿੱਛੋਂ, ਹੇਠ-ਲਿਖੇ ਸ਼ਬਦ ਅਤੇ ਚਿੰਨ੍ਹ ਜੋੜੇ ਜਾਣਗੇ, ਅਰਥਾਤ:-

"ਅਤੇ ਅਨੈਤਿਕ ਅਨਸਰਾਂ ਨੂੰ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ(ਾਂ) ਦੀ ਬੇਅਦਬੀ ਦੇ ਕਿਸੇ ਕਾਰਜਾਂ ਤੋਂ ਭੈ ਦੇ ਕੇ ਰੋਕਣ ਲਈ।"

2008 ਦੇ ਪੰਜਾਬ ਐਕਟ 21 ਦੀ ਧਾਰਾ 2 ਵਿੱਚ ਸੋਧ।

4. ਮੁੱਖ ਐਕਟ ਵਿੱਚ, ਧਾਰਾ 2 ਵਿੱਚ,-

(i) ਖੰਡ (ੳ) ਪਿੱਛੋਂ, ਹੇਠ-ਲਿਖਿਆ ਖੰਡ ਅੰਤਰਸਥਾਪਤ ਕੀਤਾ ਜਾਵੇਗਾ, ਅਰਥਾਤ:-

"(ੳੳ) "ਸਪੁਰਦਾਰ" ਦਾ ਮਤਲਬ ਹੈ ਕੋਈ ਵਿਅਕਤੀ, ਸੰਸਥਾ ਜਾਂ ਗੁਰਦੁਆਰਾ ਕਮੇਟੀ ਜਿਸ ਨੂੰ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਰਸਮੀ ਤੌਰ ਤੇ ਸਪਲਾਈ ਕੀਤਾ ਗਿਆ ਹੈ ਅਤੇ/ਜਾਂ ਜੋ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ(ਾਂ) ਦੀ ਸੁਰੱਖਿਆ ਅਤੇ ਮੁਕੱਰਰ ਸਿੱਖ ਰਹਿਤ ਮਰਿਯਾਦਾ ਦਾ ਪਾਲਣ ਕਰਨ ਲਈ ਜ਼ਿੰਮੇਵਾਰ ਹੈ;";

(ii) ਖੰਡ (ਅ) ਵਿੱਚ, ਅੰਤ ਤੇ, ਸ਼ਬਦ "ਅਤੇ" ਲੋਪ ਕੀਤਾ ਜਾਵੇਗਾ ਅਤੇ ਉਸ ਪਿੱਛੋਂ, ਹੇਠ-ਲਿਖੇ ਖੰਡ ਅੰਤਰਸਥਾਪਤ ਕੀਤੇ ਜਾਣਗੇ, ਅਰਥਾਤ:-

"(ਅੳ) "ਰਿਕਾਰਡ" ਦਾ ਮਤਲਬ ਹੈ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ(ਾਂ) ਦੀ ਛਪਾਈ, ਪ੍ਰਕਾਸ਼ਨ, ਭੰਡਾਰਨ, ਵੰਡ ਅਤੇ ਸਪਲਾਈ ਨਾਲ ਸਬੰਧਤ ਹੱਥੀਂ ਜਾਂ ਇਲੈਕਟ੍ਰਾਨਿਕ ਰੂਪ ਵਿੱਚ ਸੰਭਾਲੇ ਗਏ ਸਾਰੇ ਰਿਕਾਰਡ;

(ਅਅ) ਇਸ ਐਕਟ ਦੇ ਪ੍ਰਯੋਜਨਾਂ ਲਈ "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ(ਾਂ) ਦੀ ਬੇਅਦਬੀ" ਦਾ ਮਤਲਬ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ(ਾਂ) ਜਾਂ ਉਨ੍ਹਾਂ ਦੇ ਕਿਸੇ ਹਿੱਸੇ ਨੂੰ ਭੌਤਿਕ ਤੌਰ ਤੇ ਅਪਵਿੱਤਰ ਕਰਨ ਦੇ ਇਰਾਦੇ ਨਾਲ ਨੁਕਸਾਨ ਪਹੁੰਚਾਉਣ, ਰੂਪ-ਵਿਗਾੜਨ, ਸਾੜਨ, ਪਾੜਨ ਜਾਂ ਚੋਰੀ ਕਰਨ, ਜਾਂ ਸ਼ਬਦਾਂ ਦੁਆਰਾ, ਜਾਂ ਤਾਂ ਉਹ ਬੋਲੇ ਗਏ ਹੋਣ ਜਾਂ ਲਿਖੇ ਗਏ ਹੋਣ ਜਾਂ ਇਸ਼ਾਰਿਆਂ ਦੁਆਰਾ ਜਾਂ ਦ੍ਰਿਸ਼ਟੀਮਾਨ

ਪੇਸ਼ਕਾਰੀਆਂ ਦੁਆਰਾ ਜਾਂ ਇਲੈਕਟ੍ਰਾਨਿਕ ਸਾਧਨਾਂ ਰਾਹੀਂ ਜਾਂ ਕਿਸੇ ਹੋਰ ਤਰ੍ਹਾਂ ਜਾਣ-ਬੁੱਝ ਕੇ ਅਤੇ ਸੋਚ ਸਮਝ ਕੇ ਕੀਤਾ ਕੋਈ ਕਾਰਜ ਹੈ, ਜੋ ਸਿੱਖ ਧਰਮ ਵਿੱਚ ਵਿਸ਼ਵਾਸ ਰੱਖਣ ਵਾਲੇ ਵਿਅਕਤੀਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਪ੍ਰਕਿਰਤੀ ਦਾ ਹੋਵੇ; ਅਤੇ"।

2008 ਦੇ ਪੰਜਾਬ ਐਕਟ 21 ਵਿੱਚ ਧਾਰਾਵਾਂ 3ੳ ਅਤੇ 3ਅ ਦਾ ਅੰਤਰਸਥਾਪਨ।

5. ਮੁੱਖ ਐਕਟ ਵਿੱਚ, ਧਾਰਾ 3 ਪਿੱਛੋਂ, ਹੇਠ-ਲਿਖੀਆਂ ਧਾਰਾਵਾਂ ਅੰਤਰਸਥਾਪਤ ਕੀਤੀਆਂ ਜਾਣਗੀਆਂ, ਅਰਥਾਤ:-

ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦਾ ਕੇਂਦਰੀ ਰਜਿਸਟਰ।

"3ੳ. (1) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇੱਕ ਕੇਂਦਰੀ ਰਜਿਸਟਰ ਕਾਇਮ ਰੱਖੇਗੀ ਜਿਸ ਵਿੱਚ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਛਪਾਈ, ਭੰਡਾਰਨ, ਵੰਡ ਅਤੇ ਸਪਲਾਈ ਦੇ ਰਿਕਾਰਡ ਬਾਬਤ ਵੇਰਵੇ ਹੋਣਗੇ। ਰਜਿਸਟਰ ਵਿੱਚ,-

(ੳ) ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਰੇਕ ਸਰੂਪ ਦਾ ਵਿਲੱਖਣ ਪਛਾਣ ਨੰਬਰ;

(ਅ) ਛਪਾਈ ਅਤੇ ਪ੍ਰਕਾਸ਼ਨ ਦੀ ਤਰੀਕ;

(ੲ) ਸਪਲਾਈ ਦੀ ਤਰੀਕ ਅਤੇ ਸਥਾਨ;

(ਸ) ਭੰਡਾਰਨ ਦਾ ਸਥਾਨ;

(ਹ) ਸਪੁਰਦਾਰ ਦਾ ਨਾਂ ਅਤੇ ਪਤਾ।

(2) ਰਜਿਸਟਰ ਜਾਂ ਰਿਕਾਰਡ ਭੌਤਿਕ ਜਾਂ ਇਲੈਕਟ੍ਰਾਨਿਕ ਰੂਪ ਵਿੱਚ ਸੰਭਾਲਿਆ ਜਾਵੇਗਾ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈਬਸਾਈਟ ਤੇ ਉਪਲੱਬਧ ਹੋਵੇਗਾ।

(3) ਉਪ-ਧਾਰਾ (2) ਵਿੱਚ ਹਵਾਲਾ ਦਿੱਤਾ ਰਿਕਾਰਡ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026 ਦੇ ਅਰੰਭ ਹੋਣ ਦੀ ਤਰੀਕ ਤੋਂ ਪੰਤਾਲੀ ਦਿਨਾਂ ਦੇ ਅੰਦਰ ਇਲੈਕਟ੍ਰਾਨਿਕ ਰੂਪ ਵਿੱਚ ਸੰਭਾਲਿਆ ਅਤੇ ਅੱਪਲੋਡ ਕੀਤਾ ਜਾਵੇਗਾ। ਉਪ-ਧਾਰਾ (1) ਅਤੇ (2) ਵਿੱਚ ਹਵਾਲਾ ਦਿੱਤੇ ਰਜਿਸਟਰ ਜਾਂ ਰਿਕਾਰਡ ਨੂੰ ਉਸ ਤੋਂ ਪਿੱਛੋਂ ਮਹੀਨਾਵਾਰ ਆਧਾਰ ਤੇ ਅੱਪਡੇਟ ਕੀਤਾ ਜਾਵੇਗਾ:

ਪਰੰਤੂ ਅਜਿਹੀ ਹਰ ਮਹੀਨਾਵਾਰ ਅੱਪਡੇਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਅਧਿਕਾਰਤ ਅਧਿਕਾਰੀ ਦੁਆਰਾ ਠੀਕ ਤੌਰ ਤੇ ਪ੍ਰਮਾਣੀਕ ਕੀਤੀ ਜਾਵੇਗੀ, ਅਤੇ ਅਜਿਹੇ ਪ੍ਰਮਾਣਨ ਦਾ ਰਿਕਾਰਡ ਵੀ ਰੱਖਿਆ ਜਾਵੇਗਾ।

ਸਪੁਰਦਾਰ ਦੇ ਕਰਤੱਵ ਅਤੇ ਜ਼ਿੰਮੇਵਾਰੀਆਂ।

3ਅ. (1) ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪ੍ਰਾਪਤ ਕਰਨ ਵਾਲਾ ਹਰੇਕ ਸਪੁਰਦਾਰ,-

(ੳ) ਸੁਰੱਖਿਅਤ ਸੰਭਾਲ, ਕਿਸੇ ਵੀ ਤਰੀਕੇ ਨਾਲ ਨੁਕਸਾਨ, ਕੁਵਰਤੋਂ ਜਾਂ ਹਾਨ ਤੋਂ ਸੁਰੱਖਿਅਤ ਅਤੇ ਸਿੱਖ ਰਹਿਤ ਮਰਿਯਾਦਾ ਦੀ ਪਾਲਣਾ; ਅਤੇ

(ਅ) ਨੁਕਸਾਨ, ਅਲੋਪ, ਜਾਂ ਸ਼ੱਕੀ ਬੇਅਦਬੀ ਦੀ ਕਿਸੇ ਵੀ ਘਟਨਾ ਦੀ ਰਿਪੋਟ ਤੁਰੰਤ ਸਬੰਧਤ ਪੁਲਿਸ ਅਥਾਰਟੀਆਂ ਅਤੇ ਸਬੰਧਤ ਪ੍ਰਬੰਧਕੀ ਅਥਾਰਟੀ ਨੂੰ ਵੀ ਦੇਣੀ,

ਯਕੀਨੀ ਬਣਾਏਗਾ।"

2008 ਦੇ ਪੰਜਾਬ ਐਕਟ 21 ਵਿੱਚ ਧਾਰਾਵਾਂ 4ੳ ਅਤੇ 4ਅ ਦਾ ਅੰਤਰਸਥਾਪਨ।

6. ਮੁੱਖ ਐਕਟ ਵਿੱਚ, ਧਾਰਾ 4 ਪਿੱਛੋਂ, ਹੇਠ-ਲਿਖੀਆਂ ਧਾਰਾਵਾਂ ਅੰਤਰਸਥਾਪਤ ਕੀਤੀਆਂ ਜਾਣਗੀਆਂ, ਅਰਥਾਤ:-

"4ੳ. ਅਪਰਾਧਾਂ ਦੀ ਛਾਣਬੀਣ। (1) ਇਸ ਐਕਟ ਅਧੀਨ ਅਪਰਾਧ (ਾਂ) ਸਬੰਧੀ ਤਫ਼ਤੀਸ਼ ਜਿੰਨੀ ਸ਼ੀਘਰਤਾ ਨਾਲ ਹੋ ਸਕੇ, ਮੁਕੰਮਲ ਕੀਤੀ ਜਾਵੇਗੀ।

(2) ਇਸ ਦੀ ਤਫ਼ਤੀਸ਼ ਇੱਕ ਪੁਲਿਸ ਅਧਿਕਾਰੀ ਦੁਆਰਾ, ਜੋ ਉਪ-ਕਪਤਾਨ ਪੁਲਿਸ ਜਾਂ ਸਹਾਇਕ ਪੁਲਿਸ ਕਮਿਸ਼ਨਰ ਦੇ ਰੈਂਕ ਤੋਂ ਥੱਲੇ ਦਾ ਨ ਹੋਵੇ, ਜਿਹੀ ਕਿ ਸੂਰਤ ਹੋਵੇ, ਕੀਤੀ ਜਾਵੇਗੀ।

4ਅ. ਅਪਰਾਧਾਂ ਦਾ ਵਰਗੀਕਰਨ। (1) ਇਸ ਐਕਟ ਅਧੀਨ ਸਜ਼ਾਯੋਗ ਅਪਰਾਧ(ਾਂ) ਸਮਾਇਤਯੋਗ, ਗੈਰ-ਜ਼ਮਾਨਤੀ ਅਤੇ ਗੈਰ-ਸਮਝੌਤਾਯੋਗ ਹੋਣਗੇ।

(2) ਇਸ ਐਕਟ ਅਧੀਨ ਸਜ਼ਾਯੋਗ ਅਪਰਾਧ(ਾਂ) ਸੈਸ਼ਨ ਅਦਾਲਤ ਦੁਆਰਾ ਵਿਚਾਰਨਯੋਗ ਹੋਣਗੇ।"

2008 ਦੇ ਪੰਜਾਬ ਐਕਟ 21 ਦੀ ਧਾਰਾ 5 ਦਾ ਪ੍ਰਤੀਸਥਾਪਨ।

7. ਮੁੱਖ ਐਕਟ ਵਿੱਚ, ਧਾਰਾ 5 ਦੀ ਥਾਵੇਂ, ਹੇਠ-ਲਿਖੀ ਧਾਰਾ ਰੱਖੀ ਜਾਵੇਗੀ, ਅਰਥਾਤ:-

"5. ਸਜ਼ਾ। (1) ਜੋ ਕੋਈ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੀ ਉਲੰਘਣਾ ਕਰਦਾ ਹੈ, ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ(ਾਂ) ਦੀ ਬੇਅਦਬੀ ਤੋਂ ਇਲਾਵਾ, ਅਜਿਹੀ ਸਜ਼ਾ ਦੀ ਅਉਧ ਨਾਲ ਜੋ ਪੰਜ ਸਾਲ ਤੱਕ ਦੀ ਹੋ ਸਕੇਗੀ ਅਤੇ ਜੁਰਮਾਨੇ ਨਾਲ, ਜੋ ਦਸ ਲੱਖ ਰੁਪਏ ਹੋ ਸਕੇਗਾ, ਦੰਡਤ ਕੀਤਾ ਜਾਵੇਗਾ।

(2) ਕੋਈ ਵਿਅਕਤੀ ਜੋ ਇਸ ਐਕਟ ਅਧੀਨ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ(ਾਂ) ਦੀ ਬੇਅਦਬੀ ਦਾ ਅਪਰਾਧ ਕਰਦਾ ਹੈ, ਉਹ ਦੋਹਾਂ ਵਿੱਚੋਂ ਕਿਸੇ ਪ੍ਰਕਾਰ ਦੀ ਕੈਦ ਦੀ ਅਉਧ ਨਾਲ, ਜੋ ਸੱਤ ਸਾਲ ਤੋਂ ਘੱਟ ਨਹੀਂ ਹੋਵੇਗੀ ਪਰ ਜੋ ਵੀਹ ਸਾਲ ਤੱਕ ਹੋ ਸਕੇਗੀ, ਦੰਡਤ ਕੀਤਾ ਜਾਵੇਗਾ, ਅਤੇ ਜੁਰਮਾਨੇ ਲਈ ਵੀ ਭਾਗੀ ਹੋਵੇਗਾ ਜੋ ਦੋ ਲੱਖ ਰੁਪਏ ਤੋਂ ਘੱਟ ਨਹੀਂ ਹੋਵੇਗਾ ਪਰ ਜੋ 10 ਲੱਖ ਰੁਪਏ ਤੱਕ ਹੋ ਸਕੇਗਾ।

(3) ਕੋਈ ਵਿਅਕਤੀ ਜੋ ਸ਼ਾਂਤੀ ਭੰਗ ਕਰਨ ਜਾਂ ਫਿਰਕੂ ਸਦਭਾਵਨਾ ਨੂੰ ਵਿਗਾੜਨ ਦੇ ਇਰਾਦੇ ਨਾਲ ਅਪਰਾਧਿਕ ਸਾਜਿਸ਼ ਤਹਿਤ ਇਸ ਐਕਟ ਅਧੀਨ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ(ਾਂ) ਦੀ ਬੇਅਦਬੀ ਕਰਨ ਦਾ ਅਪਰਾਧ ਕਰਦਾ ਹੈ, ਉਹ ਦੋਹਾਂ ਵਿੱਚੋਂ ਕਿਸੇ ਪ੍ਰਕਾਰ ਦੀ ਕੈਦ ਦੀ ਅਉਧ ਨਾਲ, ਜੋ ਦਸ ਸਾਲਾਂ ਤੋਂ ਘੱਟ ਨਹੀਂ ਹੋਵੇਗੀ ਪਰ ਜੋ ਉਮਰ ਕੈਦ ਤੱਕ ਹੋ ਸਕੇਗੀ, ਦੰਡਤ ਕੀਤਾ ਜਾਵੇਗਾ, ਅਤੇ ਜੁਰਮਾਨੇ ਲਈ ਵੀ ਭਾਗੀ ਹੋਵੇਗਾ ਜੋ ਪੰਜ ਲੱਖ ਰੁਪਏ ਤੋਂ ਘੱਟ ਨਹੀਂ ਹੋਵੇਗਾ ਪਰ ਜੋ ਪੱਚੀ ਲੱਖ ਰੁਪਏ ਤੱਕ ਹੋ ਸਕੇਗਾ।

(4) ਕੋਈ ਵਿਅਕਤੀ ਜੋ ਇਸ ਐਕਟ ਅਧੀਨ ਕੋਈ ਅਪਰਾਧ ਕਰਨ ਲਈ ਸ਼ਹਿ ਦਿੰਦਾ ਹੈ, ਤਾਂ ਉਹ ਉਸੇ ਸਜ਼ਾ ਲਈ ਭਾਗੀ ਹੋਵੇਗਾ ਜੋ ਅਜਿਹੇ ਸ਼ਹਿ ਦਿੱਤੇ ਅਪਰਾਧ ਲਈ ਉਪਬੰਧਤ ਹੈ।

9-ਮ9



(5) ਕੋਈ ਵਿਅਕਤੀ ਜੋ ਇਸ ਐਕਟ ਅਧੀਨ ਅਪਰਾਧ ਕਰਨ ਦਾ ਯਤਨ ਕਰਦਾ ਹੈ, ਉਹ ਦੋਹਾਂ ਵਿੱਚੋਂ ਕਿਸੇ ਪ੍ਰਕਾਰ ਦੀ ਅਉਧ ਦੀ ਸਜ਼ਾ ਦੇ ਨਾਲ, ਜੋ ਤਿੰਨ ਸਾਲ ਤੋਂ ਘੱਟ ਨਹੀਂ ਹੋ ਸਕੇਗੀ ਪਰ ਜੋ ਪੰਜ ਸਾਲ ਤੱਕ ਹੋ ਸਕੇਗੀ, ਦੰਡਤ ਕੀਤਾ ਜਾਵੇਗਾ, ਅਤੇ ਜੁਰਮਾਨੇ ਲਈ ਵੀ ਭਾਗੀ ਹੋਵੇਗਾ ਜੋ ਇੱਕ ਲੱਖ ਰੁਪਏ ਤੋਂ ਘੱਟ ਨਹੀਂ ਹੋਵੇਗਾ ਪਰ ਜੋ ਤਿੰਨ ਲੱਖ ਰੁਪਏ ਤੱਕ ਹੋ ਸਕੇਗਾ।

2008 ਦੇ ਪੰਜਾਬ ਐਕਟ 21 ਵਿੱਚ ਧਾਰਾ 6ੳ ਦਾ ਅੰਤਰਸਥਾਪਨ।

8. ਮੁੱਖ ਐਕਟ ਵਿੱਚ, ਧਾਰਾ 6 ਪਿੱਛੋਂ, ਹੇਠ-ਲਿਖੀ ਧਾਰਾ ਅੰਤਰਸਥਾਪਤ ਕੀਤੀ ਜਾਵੇਗੀ, ਅਰਥਾਤ:-

ਨਿਯਮ ਬਣਾਉਣ ਦੀ ਸ਼ਕਤੀ।

"6ੳ. ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।"

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।